# ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
*(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)*

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਮਿਤੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 29-04-2015 ਨੂੰ ਸਵੇਰੇ 11-00 ਵਜੇ ਸਿੰਡੀਕੇਟ ਰੂਮ, ਗੁਰੂ ਤੇਗ ਬਹਾਦਰ ਹਾਲ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ**

1. ਡਾ. ਜਸਪਾਲ ਸਿੰਘ (ਚੇਅਰਮੈਨ)
   ਵਾਈਸ-ਚਾਂਸਲਰ
2. ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ
3. ਪ੍ਰੋਫੈਸਰ ਏ.ਐਸ.ਚਾਵਲਾ
   ਡੀਨ, ਅਕਾਦਮਿਕ ਮਾਮਲੇ ਅਤੇ
   ਡੀਨ ਫੈਕਲਟੀ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ
4. ਪ੍ਰੋਫੈਸਰ ਸਤੀਸ਼ ਕੁਮਾਰ ਵਰਮਾ
   ਡੀਨ ਫੈਕਲਟੀ ਆਫ ਲੈਂਗੁਏਜਿਜ
5. ਪ੍ਰੋਫੈਸਰ ਇੰਦਰਜੀਤ ਸਿੰਘ
   ਡੀਨ, ਫੈਕਲਟੀ ਆਫ਼ ਸ਼ੋਸ਼ਲ ਸਾਇੰਸਿਜ
6. ਪ੍ਰੋਫੈਸਰ ਨਵਜੋਤ ਕੌਰ ਕਸੇਲ
   ਡੀਨ, ਫੈਕਲਟੀ ਆਫ਼ ਆਰਟਸ ਐਂਡ ਕਲਚਰ
7. ਪ੍ਰੋਫੈਸਰ ਭਵਦੀਪ ਸਿੰਘ ਤਾਂਘੀ
   ਡੀਨ, ਫੈਕਲਟੀ ਆਫ਼ ਬਿਜਨਸ ਸਟੱਡੀਜ਼
8. ਪ੍ਰੋਫੈਸਰ ਤ੍ਰਿਸ਼ਨਜੀਤ ਕੌਰ
   ਡੀਨ, ਫੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ
9. ਪ੍ਰੋਫੈਸਰ ਜੇ.ਐਸ. ਪਸਰੀਚਾ
   ਡੀਨ, ਰਿਸਰਚ
10. ਪ੍ਰੋਫੈਸਰ ਦਵਿੰਦਰ ਸਿੰਘ
    ਰਜਿਸਟਰਾਰ
11. ਡਾ. ਬਲਜੀਤ ਸਿੰਘ ਸਿੱਧੂ
    ਵਿੱਤ ਅਫ਼ਸਰ
12. ਪ੍ਰੋਫੈਸਰ ਬਲਵਿੰਦਰ ਸਿੰਘ ਟਿਵਾਣਾ
    ਡਾਇਰੈਕਟਰ, ਯੋਜਨਾ ਤੇ ਨਿਰੀਖਣ

ਸ੍ਰੀ ਤਰਲੋਚਨ ਸਿੰਘ, ਪ੍ਰੋਫੈਸਰ ਰੌਣਕੀ ਰਾਮ, ਪ੍ਰੋਫੈਸਰ ਐਸ.ਐਮ.ਐਸ ਚਹਿਲ, ਪ੍ਰੋਫੈਸਰ ਮਨਜੀਤ ਸਿੰਘ ਨਿੱਝਰ, ਪ੍ਰੋਫੈਸਰ ਗੁਰਪ੍ਰੀਤ ਸਿੰਘ ਲਹਿਲ, ਪ੍ਰੋਫੈਸਰ ਕੁਲਬੀਰ ਸਿੰਘ ਢਿਲੋਂ ਅਤੇ ਪ੍ਰੋਫੈਸਰ ਨਰਕੀਸ਼ ਅਰੁਮੁੰਗਮ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋ ਸਕੇ।

ਇਕੱਤਰਤਾ ਦੇ ਆਰੰਭ ਵਿੱਚ ਵਾਈਸ-ਚਾਂਸਲਰ ਸਾਹਿਬ ਨੇ ਪਿਛਲੇ ਸਾਲ ਦੌਰਾਨ ਯੂਨੀਵਰਸਿਟੀ ਦੀ ਕਾਰਗੁਜਾਰੀ ਬਾਰੇ ਮੈਂਬਰ ਸਾਹਿਬਾਨ ਨੂੰ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਦੱਸਿਆ ਕਿ ਯੂਨੀਵਰਸਿਟੀ ਨੂੰ ਪਿਛਲੇ ਸਾਲ ਦੌਰਾਨ ਯੂ.ਜੀ.ਸੀ ਅਤੇ ਹੋਰ ਫੰਡਿੰਗ ਏਜੰਸੀਆਂ ਵੱਲੋਂ ਲਗਭਗ 15 ਨਵੇਂ ਰਿਸਰਚ ਪ੍ਰੋਜੈਕਟ ਅਲਾਟ ਕੀਤੇ ਗਏ ਸਨ ਅਤੇ ਇਸ ਸਮੇਂ ਚਲ ਰਹੇ ਰਿਸਰਚ ਪ੍ਰੋਜੈਕਟਾਂ ਦੀ ਕੁਲ ਗਿਣਤੀ 115 ਹੋ ਗਈ ਹੈ। ਇਸ ਤੋਂ ਇਲਾਵਾ ਯੂ.ਜੀ.ਸੀ ਅਤੇ ਹੋਰ ਫੰਡਿੰਗ ਏਜੰਸੀਆਂ ਪਾਸੋ ਯੂਨੀਵਰਸਿਟੀ ਨੂੰ ਰਿਸਰਚ ਕਾਰਜ ਅਤੇ ਹੋਰ ਸਕੀਮਾਂ ਵਾਸਤੇ ਵਿੱਤੀ ਸਾਲ 2014-15 ਦੌਰਾਨ ਲਗਭਗ 14 ਕਰੋੜ ਰੁਪਏ ਦੀ ਗਰਾਂਟ ਪ੍ਰਾਪਤ ਹੋਈ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਯੂ.ਜੀ.ਸੀ ਦੀ ਸੈਪ ਸਕੀਮ ਅਧੀਨ 11 ਵਿਭਾਗਾਂ ਨੂੰ ਵਿੱਤੀ ਸਹਾਇਤਾ ਮਿਲ ਰਹੀ ਹੈ।

ਇਸ ਉਪਰੰਤ ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 22-04-2015 ਨੂੰ ਯੋਜਨਾ ਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਮੱਦ ਨੰ-1** ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਇੰਜੀਨੀਅਰਿੰਗ ਵਿੰਗ ਵਿਖੇ ਚਲ ਰਹੇ ਪੰਜ ਸਾਲਾ ਇੰਟੀਗਰੇਟਿਡ ਇੰਜੀਨੀਅਰਿੰਗ ਮੈਨੇਜਮੈਂਟ ਪ੍ਰੋਗਰਾਮ (ਕੰਪਿਊਟਰ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ ਅਤੇ ਸਿਵਿਲ ਇੰਜੀਨੀਅਰਿੰਗ) ਕੋਰਸ ਦਾ ਨਾਮ ਯੂ.ਜੀ.ਸੀ. ਦੀ ਗਾਈਡ ਲਾਈਨਜ਼ ਅਨੁਸਾਰ ਛੇ ਸਾਲਾ ਇੰਟੀਗ੍ਰੇਟਿਡ ਇੰਜੀਨੀਅਰਿੰਗ ਮੈਨੇਜ਼ਮੈਂਟ ਪ੍ਰੋਗਰਾਮ (ਕੰਪਿਊਟਰ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ ਅਤੇ ਸਿਵਿਲ ਇੰਜੀਨੀਅਰਿੰਗ) ਕਰਨ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ

(ਅੰਤਿਕਾ-I) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨੂੰ ਨਿਮਨ- ਲਿਖਤ ਅਨੁਸਾਰ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਇੰਜੀਨੀਅਰਿੰਗ ਵਿੰਗ, ਪੰਜਾਬੀ ਯੂਨੀਵਰਸਿਟੀ ਕੈਂਪਸ ਦੇ ਪੰਜ ਵਿਭਾਗਾਂ ਦੇ ਮੁਖੀ ਸਾਹਿਬਾਨ ਅਤੇ ਡੀਨ, ਫ਼ੈਕਲਟੀ ਆਫ਼ ਇੰਜੀਨੀਅਰਿੰਗ/ਡੀਨ, ਅਕਾਦਮਿਕ ਮਾਮਲੇ ਵੱਲੋਂ ਸਿਫਾਰਸ਼ ਕੀਤੀ ਗਈ ਹੈ ਕਿ ਪੰਜ ਸਾਲਾ ਇੰਟੀਗਰੇਟਿਡ ਇੰਜੀਨੀਅਰਿੰਗ ਮੈਨੇਜ਼ਮੈਂਟ ਪ੍ਰੋਗਰਾਮ (ਕੰਪਿਊਟਰ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ ਅਤੇ ਸਿਵਿਲ ਇੰਜੀਨੀਅਰਿੰਗ) ਕੋਰਸ ਦਾ ਨਾਮ ਯੂ.ਜੀ.ਸੀ. ਦੀ ਗਾਈਡ ਲਾਈਨਜ਼ ਅਨੁਸਾਰ ਬਦਲ ਕੇ ਛੇ ਸਾਲਾ ਇੰਟੇਗ੍ਰੇਟਿਡ ਬੀ.ਟੈਕ.-ਐਮ.ਬੀ.ਏ. ਪ੍ਰੋਗਰਾਮ (Six Year Integrated B.Tech.-M.B.A. Programme) ਕਰ ਦਿੱਤਾ ਜਾਵੇ।

2. ਇਸ ਪ੍ਰੋਗਰਾਮ ਦੀ ਮਿਆਦ ਪੰਜ ਸਾਲ ਤੋਂ ਵਧਾ ਕੇ ਛੇ ਸਾਲ ਕਰ ਦਿੱਤੀ ਜਾਵੇ।

3. **ਇਸ ਤੋਂ ਇਲਾਵਾ ਜੇ ਇੰਜੀਨੀਅਰਿੰਗ ਵਿਭਾਗ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਇੰਟੀਗ੍ਰੇਟਿਡ ਪ੍ਰੋਗਰਾਮ 5 ਸਾਲ ਦੀ ਅਵਧੀ ਨਾਲ ਸ਼ੁਰੂ ਕਰਨਾ ਚਾਹੁੰਦੇ ਹਨ ਤਾਂ ਯੂ.ਜੀ.ਸੀ ਦੀ ਨੋਟੀਫਿਕੇਸ਼ਨ ਅਨੁਸਾਰ Single Degree without permission to exit and lateral entry ਦੀਆਂ ਸ਼ਰਤਾਂ ਮੰਨਦੇ ਹੋਏ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ। ਇਹ ਪ੍ਰੋਗਰਾਮ ਇਨ੍ਹਾਂ ਵਿਭਾਗਾਂ ਪਾਸੋ ਪ੍ਰਪੋਜਲ ਪ੍ਰਾਪਤ ਹੋਣ ਤੇ ਸ਼ੁਰੂ ਕਰਨ ਲਈ ਵਿਚਾਰ ਲਿਆ ਜਾਵੇ।**

**ਮੱਦ ਨੰ-2** ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਬਾਹਰਲੇ ਸੈਂਟਰਾਂ ਵਿਖੇ ਅਕਾਦਮਿਕ ਸਾਲ 2015-16 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 06-04-2015 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਿਸ਼ਾਂ (ਅੰਤਿਕਾ-II) ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਤ ਨਿਮਨਲਿਖਿਤ ਵੱਖ ਵੱਖ ਵਿਭਾਗਾਂ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਕੋਰਸਾਂ ਸਬੰਧੀ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਯੂਨੀਵਰਸਿਟੀ ਸਕੂਲ ਆਫ ਬਿਜਨਸ ਸਟੱਡੀਜ਼ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਵਿਖੇ M.Com ਕੋਰਸ ਸ਼ੁਰੂ ਕੀਤਾ ਜਾਵੇ। ਇਹ ਕੋਰਸ 30 ਵਿਦਿਆਰਥੀਆਂ ਦੀ ਯੂਨਿਟ ਨਾਲ ਸ਼ੁਰੂ ਕੀਤਾ ਜਾਵੇ (ਅੰਤਿਕਾ-III)। ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ M.Com (five year) integrated course ਚਲ ਰਿਹਾ ਹੈ ਪਰ ਉਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ। ਜੇ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ Commerce ਦੇ ਅਧਿਆਪਕਾਂ ਦਾ ਵਰਕਲੋਡ ਪੂਰਾ ਨਹੀਂ ਹੁੰਦਾ ਤਾਂ ਯੂਨੀਵਰਸਿਟੀ ਸਕੂਲ ਆਫ਼ ਬਿਜਨਸ ਸਟੱਡੀ, ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਵੱਲੋਂ ਉਨ੍ਹਾਂ ਅਧਿਆਪਕਾਂ ਨੂੰ ਵਰਕ ਲੋਡ ਦੇ ਦਿੱਤਾ ਜਾਵੇ ਪਰ ਇਹ ਸਪੱਸ਼ਟ ਹੈ ਕਿ ਇਹ ਅਧਿਆਪਕ ਗੁਰੂ ਕਾਸ਼ੀ ਕਾਲਜ ਦੇ ਵਿੱਚ ਹੀ ਰਹਿਣਗੇ ਅਤੇ ਇਨ੍ਹਾਂ ਦੀ ਸੀਨੀਆਰਤਾ ਆਦਿ ਵੀ ਕਾਲਜ ਵਿੱਚ ਹੀ ਰਹੇਗੀ।

2. ਯੂਨੀਵਰਸਿਟੀ ਕੈਂਪਸ ਵਿਖੇ South West Asia Study Centre (Pakistan & Afghanistan) ਵਿੱਚ M.Phil (with 5 students) ਕੋਰਸ ਸ਼ੁਰੂ ਕੀਤਾ ਜਾਵੇ (ਅੰਤਿਕਾ-IV)।

3. ਯੂਨੀਵਰਸਿਟੀ ਕੈਂਪਸ ਵਿਖੇ ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਵਿੱਚ ਤਿੰਨ ਮਹੀਨੇ ਦਾ ਸਰਟੀਫਿਕੇਟ ਕੋਰਸ ਇਨ ਪੰਜਾਬੀ ਕੰਪਿਊਟਿੰਗ (ਸ਼ਾਮ ਦੀਆਂ ਕਲਾਸਾਂ 20 ਵਿਦਆਰਥੀਆਂ ਨਾਲ) ਸ਼ੁਰੂ ਕੀਤਾ ਜਾਵੇ (ਅੰਤਿਕਾ-V) ਇਸ ਕੋਰਸ ਦੀ ਫੀਸ 6000/- ਰੁਪਏ ਪ੍ਰਤੀ ਵਿਦਿਆਰਥੀ ਰੱਖੀ ਜਾਵੇ।

**ਮੱਦ ਨੰ-3** ਬਾਰਵ੍ਹੀ ਪੰਜ ਸਾਲਾ ਯੋਜਨਾ ਅਧੀਨ ਯੂ.ਜੀ.ਸੀ ਦੀ Swachh Bharat-Swasth Bharat ਸਕੀਮ ਤਹਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ Centre on Swachh Bharat-Swasth Bharat ਸਥਾਪਤ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-VI) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਤ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਯੂ.ਜੀ.ਸੀ ਵੱਲੋਂ ਆਪਣੀ ਵੈਬਸਾਇਟ 'ਤੇ Guidelines for Swachh Bharat-Swasth Bharat scheme ਅਪਲੋਡ ਕੀਤੀ ਗਈ ਹੈ ਅਤੇ ਇਹ ਸਕੀਮ ਯੂਨੀਵਰਸਿਟੀ ਵਿਖੇ ਲਾਗੂ ਕੀਤੀ ਜਾਣੀ ਹੈ। ਯੂ.ਜੀ.ਸੀ. ਦੀ ਗਾਈਡਲਾਈਨਜ਼ ਵਿੱਚ ਦਰਸਾਏ ਗਏ modules ਲਾਗੂ ਕਰਨ ਲਈ Centre on Swachh Bharat-Swasth Bharat ਸਥਾਪਤ ਕਰਕੇ ਕਾਰਵਾਈ ਕੀਤੀ ਜਾਣੀ ਹੈ (ਅੰਤਿਕਾ- VII)।

2. ਯੂਨੀਵਰਸਿਟੀ ਕੈਂਪਸ ਵਿਖੇ Centre on Swachh Bharat-Swasth Bharat ਸਥਾਪਤ ਕੀਤਾ ਜਾਵੇ। ਇਸ ਸੈਂਟਰ ਲਈ ਡਾ. ਜਗਬੀਰ ਸਿੰਘ, ਪ੍ਰੋਫੈਸਰ ਜੂਆਲੋਜੀ ਅਤੇ ਵਾਤਾਵਰਣ ਵਿਭਾਗ ਨੂੰ ਬਤੋਰ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤਾ ਜਾਵੇ। ਇਸ ਸੈਂਟਰ ਦੇ ਕੰਮ ਕਾਜ ਦੀ monitoring/implementation ਡਾਇਰੈਕਟਰ, ਯੋਜਨਾ ਤੇ ਨਿਰੀਖਣ ਅਧੀਨ ਕੀਤੀ ਜਾਵੇਗੀ।

3. ਯੂ.ਜੀ.ਸੀ ਦੀ ਗਾਈਡਲਾਈਨਜ਼ ਵਿੱਚ ਦਰਸਾਏ ਗਏ modules ਨੂੰ implement ਕਰਨ ਲਈ ਯੂ.ਜੀ.ਸੀ. ਦੀਆਂ ਹਦਾਇਤਾਂ ਅਨੁਸਾਰ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ।

4. Centre on Swachh Bharat-Swasth Bharat ਲਈ ਖਰਚਾ ਬਾਰਵ੍ਹੀ ਪੰਜ ਸਾਲਾ ਯੋਜਨਾ ਅਧੀਨ ਯੂ.ਜੀ.ਸੀ ਦੀ ਜਨਰਲ ਡਿਵੈਲਪਮੈਂਟ ਗਰਾਂਟ ਵਾਸਤੇ ਯੂਨੀਵਰਸਿਟੀ ਨੂੰ ਪ੍ਰਾਪਤ ਹੋਈ ਗਰਾਂਟ ਵਿੱਚੋਂ ਕੀਤਾ ਜਾਣਾ ਹੈ। ਇਸ ਸੰਬੰਧ ਵਿਚ ਯੂਨੀਵਰਸਿਟੀ ਵੱਲੋਂ ਯੂ.ਜੀ.ਸੀ ਨੂੰ ਜਨਰਲ ਡਿਵੈਲਪਮੈਂਟ ਗਰਾਂਟ ਖਰਚ ਕਰਨ ਸੰਬੰਧੀ ਦੁਬਾਰਾ prority ਤੈਅ ਕਰਕੇ ਭੇਜੀ ਜਾਣੀ ਹੈ।

**ਮੱਦ ਨੰ-4** ਬਾਰਵ੍ਹੀ ਪੰਜ ਸਾਲਾ ਯੋਜਨਾ ਅਧੀਨ ਯੂ.ਜੀ.ਸੀ ਦੀ Guidelines for Development of Sports Infrastructure and Equipment in Universities and Colleges ਅਧੀਨ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ Fitness Centre with Sports Sciences Backup ਸਥਾਪਤ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਤ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ (ਅੰਤਿਕਾ- VIII)

**ਨੋਟ :**

1. ਸਕੱਤਰ, ਯੂ.ਜੀ.ਸੀ ਦਫ਼ਤਰ, ਨਵੀਂ ਦਿੱਲੀ ਵੱਲੋਂ ਯੂਨੀਵਰਸਿਟੀਆਂ ਨੂੰ For Development of Sports Infrastructure and Equipment in Universities ਸਕੀਮ ਅਧੀਨ ਪ੍ਰੋਪੋਜ਼ਲ ਤਿਆਰ ਕਰਕੇ ਯੂ.ਜੀ.ਸੀ ਵਿਖੇ ਭੇਜਣ ਬਾਰੇ ਲਿਖਿਆ ਗਿਆ ਸੀ (ਅੰਤਿਕਾ- IX)।

2. ਇਸ ਸਕੀਮ ਤਹਿਤ ਯੂਨੀਵਰਸਿਟੀ ਕੈਂਪਸ ਵਿਖੇ Construction of Fitness Centre with Sports Sciences Backup ਵਾਸਤੇ ਮੁਖੀ, ਸਰੀਰਕ ਸਿੱਖਿਆ ਵਿਭਾਗ ਵੱਲੋਂ ਪ੍ਰਪੋਜਲ ਤਿਆਰ ਕਰਕੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਉਪਰੰਤ ਯੂ.ਜੀ.ਸੀ ਵਿਖੇ ਭੇਜੀ ਗਈ ਸੀ।

3. ਯੂ.ਜੀ.ਸੀ ਵੱਲੋਂ ਆਪਣੇ ਪੱਤਰ ਨੰਬਰ 1-2/2014 (sports/policy) ਮਿਤੀ 30-01-2015 ਰਾਹੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ Fitness Centre with Sports Sciences Backup ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਇਸ ਮੰਤਵ ਵਾਸਤੇ ਯੂ.ਜੀ.ਸੀ ਵੱਲੋਂ ਕੁੱਲ 2,40,00,000/- ਰੁਪਏ ਦੀ ਗਰਾਂਟ ਦਿੱਤੀ ਜਾਣੀ ਹੈ (ਅੰਤਿਕਾ -X)।

4. ਇਸ ਸਕੀਮ ਲਈ ਨੋਡਲ ਅਫ਼ਸਰ ਵਜੋਂ ਡਾ. ਨਿਸ਼ਾਨ ਸਿੰਘ ਦਿਓਲ, ਪ੍ਰੋਫ਼ੈਸਰ, ਸਰੀਰਕ ਸਿੱਖਿਆ ਵਿਭਾਗ ਨੂੰ ਨਿਯੁਕਤ ਕੀਤਾ ਗਿਆ ਹੈ।

**ਮੱਦ ਨੰ-5** ਯੂ.ਜੀ.ਸੀ, ਨਵੀਂ ਦਿੱਲੀ ਵੱਲੋਂ ਡਿਗਰੀਆਂ ਦਾ ਨਾਮਿਨਕਲੇਚਰ ਨੋਟੀਫਾਈ ਕਰਨ ਸਬੰਧੀ ਜਾਰੀ ਕੀਤੀ ਗਈ ਗਜ਼ਟ ਨੋਟੀਫਿਕੇਸ਼ਨ ਅਨੁਸਾਰ (ਅੰਤਿਕਾ- XI) ਯੂਨੀਵਰਸਿਟੀ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਵੱਖ-ਵੱਖ ਡਿਗਰੀਆਂ ਦਾ ਨਾਮਿਨਕਲੇਚਰ ਬਦਲਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 16-12-2014, 13-01-2015 ਅਤੇ 19-03-2015 ਨੂੰ ਹੋਈਆਂ ਇਕੱਤਰਤਾਵਾਂ ਵਿੱਚ ਕੀਤੀਆਂ ਗਈਆਂ ਸਿਫਾਰਿਸ਼ਾਂ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- XII) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨੂੰ ਨਿਮਨ ਲਿਖਿਤ ਅਨੁਸਾਰ ਪ੍ਰਵਾਨ ਕਰ ਲਿਆ ਗਿਆ:

ਨੋਟ :

1. ਅੰਕੜਾ ਵਿਗਿਆਨ ਵਿਭਾਗ ਵਿਖੇ ਚਲ ਰਹੇ Master of Science (Statistics) ਕੋਰਸ ਦਾ ਨਾਮ Master of Statistics ਕਰ ਦਿੱਤਾ ਜਾਵੇ।

ਕਾਮਰਸ ਵਿਭਾਗ ਵਿਖੇ ਚਲ ਰਹੇ Master of Commerce (Finance) ਦਾ ਨਾਮ Master of Commerce (Financial Analysis) ਕਰ ਦਿੱਤਾ ਜਾਵੇ (ਪਰੰਤੂ ਇਹ ਫੈਸਲਾ ਮਿਤੀ 19-03-2015 ਨੂੰ ਇਸ ਸਬੰਧੀ ਹੋਈ ਇਕੱਤਰਤਾ ਵਿੱਚ ਮੁੜ ਰੀਵਿਊ ਕੀਤਾ ਗਿਆ ਹੈ)। ਮਿਤੀ 16-12-2014 ਨੂੰ ਕਮੇਟੀ ਵੱਲੋਂ ਆਪਣੀ ਇਕੱਤਰਤਾ ਵਿੱਚ ਸਿਫਾਰਿਸ਼ ਕੀਤੀ ਗਈ ਸੀ ਕਿ ਕਾਮਰਸ ਵਿਭਾਗ ਵਿਖੇ ਚਲ ਰਹੇ Master of Commerce (Finance) ਦਾ ਨਾਮ ਬਦਲ ਕੇ Master of Commerce (Financial Analysis) ਕਰ ਦਿੱਤਾ ਜਾਵੇ ਦੇ ਸਬੰਧ ਵਿੱਚ ਕਾਮਰਸ ਵਿਭਾਗ ਦੀ ਵਿਭਾਗੀ ਪ੍ਰਬੰਧਕੀ ਕਮੇਟੀ ਦੀਆਂ ਸਿਫਾਰਿਸ਼ਾਂ ਅਤੇ ਯੂ.ਜੀ.ਸੀ ਦੀ ਗਾਈਡਲਾਈਨਜ਼ ਦੀ ਲੋਅ ਵਿੱਚ Master of Commerce (Financial Analysis) ਦਾ ਨਾਮ ਮੁੜ Master of Commerce (Finance) ਕਰ ਦਿੱਤਾ ਜਾਵੇ। ਰੀਵਿਊ ਕੀਤੇ ਫੈਸਲੇ ਅਨੁਸਾਰ ਇਸ ਡਿਗਰੀ ਦਾ ਨਾਮ Master of Commerce (Finance) ਕਰ ਦਿੱਤਾ ਜਾਵੇ।

ਸ਼ੋਸ਼ਲ ਵਰਕ ਵਿਭਾਗ ਵਿਖੇ ਚਲ ਰਹੇ Master of Arts (Social Work) ਕੋਰਸ ਦਾ ਨਾਮ Master of Social Work (MSW) ਕਰ ਦਿੱਤਾ ਜਾਵੇ।

ਮਨੋਵਿਗਿਆਨ ਵਿਭਾਗ ਵਿਖੇ ਚਲ ਰਹੇ Master of Science (Psychology) ਕੋਰਸ ਦਾ ਨਾਮ Master of Arts (Psychology) ਕਰ ਦਿੱਤਾ ਜਾਵੇ।

ਇਸ ਤੋਂ ਇਲਾਵਾ ਫਿਜੀਓਥਰੈਪੀ ਵਿਭਾਗ ਵਿਖੇ ਚਲ ਰਹੇ Bachelor of Physiotherapy ਕੋਰਸ ਦੀ ਡਿਗਰੀ ਉੱਪਰ ਕੋਰਸ ਦਾ ਸਮਾਂ ਚਾਰ ਸਾਲ ਦਰਸਾਇਆ ਜਾਂਦਾ ਹੈ ਜਦਕਿ ਯੂ.ਜੀ.ਸੀ ਦੀ ਗਜ਼ਟ ਨੋਟਿਫਿਕੇਸ਼ਨ ਅਨੁਸਾਰ ਇਸ ਕੋਰਸ ਦਾ ਸਮਾਂ 4 ਸਾਲ 6 ਮਹੀਨੇ ਦਰਸਾਇਆ ਗਿਆ ਹੈ। ਇਸ ਲਈ ਇਸ ਕੋਰਸ ਦੀ ਡਿਗਰੀ ਉੱਪਰ ਕੋਰਸ ਦੀ ਅਵੱਧੀ 4 ਸਾਲ 6 ਮਹੀਨੇ ਕਰ ਦਿੱਤੀ ਜਾਵੇ।

2. ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਗਣਿਤ ਵਿਭਾਗ ਵਿੱਚ ਚਲ ਰਹੇ B.Sc. (Hons. School in Mathematics) ਕੋਰਸ ਦਾ ਨਾਮ ਬਦਲ ਕੇ B.Sc. (Honours in Mathematics) ਕਰ ਦਿੱਤਾ ਜਾਵੇ।

ਟੂਰਿਜਮ, ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ ਚਲ ਰਹੇ B.Sc. (Hotel Management) ਅਤੇ B.Sc. (Tourism and Travel Management) ਕੋਰਸਾਂ ਦਾ ਨਾਮ ਬਦਲ ਕੇ B.A. (Hotel Management) ਅਤੇ B.A. (Tourism and Travel Management) ਕਰ ਦਿੱਤਾ ਜਾਵੇ।

ਇਸ ਤੋਂ ਇਲਾਵਾ Centre for Advance Media Studies ਵਿਖੇ ਚਲਾਏ ਜਾ ਰਹੇ ਚਾਰ ਸਾਲਾ ਕੋਰਸ B.Tech/MBA integrated course in TV and Film Production ਦਾ ਨਾਮ ਬਦਲ ਕੇ B.A (Hon's) in TV and Film Production (Three Year) ਕਰ ਦਿੱਤਾ ਜਾਵੇ।

ਪੰਜਾਬੀ ਯੂਨੀਵਰਸਿਟੀ ਦੇ ਸਬੰਧਤ ਕਾਲਜਾਂ ਵਿਖੇ ਚਲ ਰਹੇ B.A. (Professional) ਅਤੇ B.Com. (Professional) ਕੋਰਸਾਂ ਦਾ ਨਾਮ ਯੂ.ਜੀ.ਸੀ ਦੀ ਗਜ਼ਟ ਨੋਟੀਫਿਕੇਸ਼ਨ ਅਨੁਸਾਰ ਨਹੀ ਹੈ ਇਸ ਲਈ ਇਸ ਨਾਮਿਨਕਲੇਚਰ ਅਨੁਸਾਰ ਕੋਰਸ ਸ਼ੁਰੂ ਨਹੀ ਕੀਤੇ ਜਾ ਸਕਦੇ। ਇਸ ਲਈ ਸਾਲ 2015-16 ਤੋਂ B.A. (Professional) ਅਤੇ B.Com. (Professional) ਕੋਰਸਾਂ ਵਿੱਚ ਦਾਖਲਾ ਬੰਦ ਕਰਕੇ ਇਹ ਡਿਗਰੀ ਬੰਦ ਕਰ ਦਿੱਤੀ ਜਾਵੇ।

**ਬੋਰਡ ਵੱਲੋਂ ਉਕਤ ਕੋਰਸ ਬਾਰੇ ਵਿਸਥਾਰ ਪੂਰਬਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਹ ਫੈਸਲਾ ਕੀਤਾ ਗਿਆ ਕਿ ਜੇਕਰ ਯੂਨੀਵਰਸਿਟੀ ਨਾਲ ਸਬੰਧਤ ਕੋਈ ਕਾਲਜ਼ B.Com (Hons) ਕੋਰਸ ਸ਼ੁਰੂ ਕਰਨਾ ਚਾਹੁੰਦਾ ਹੈ ਤਾਂ ਇਹ ਕੋਰਸ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਇਸ ਸਬੰਧੀ ਜੇਕਰ ਕੋਈ ਪ੍ਰਪੋਜ਼ਲ ਕਿਸੇ ਕਾਲਜ਼ ਵੱਲੋਂ ਆਉਂਦੀ ਹੈ ਤਾਂ ਉਹ ਸਿਧਾਂਤਕ ਰੂਪ ਵਿੱਚ ਮੰਨ ਲਈ ਜਾਵੇ।**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ Bachelor of Physical Education (B.P.Ed) ਅਤੇ Bachelor of Physical Education (B.P.E - 3 Year) ਕੋਰਸ ਚਲਾਏ ਜਾ ਰਹੇ ਹਨ। ਇਨ੍ਹਾਂ ਕੋਰਸਾਂ ਨੂੰ ਚਲਦੇ ਰਹਿਣ ਜਾਂ ਨਾ ਰਹਿਣ ਦੇ ਬਾਰੇ ਹਾਲੇ ਯੂ.ਜੀ.ਸੀ ਵੱਲੋਂ policy decision ਲਿਆ ਜਾਣਾ ਹੈ, ਇਸ ਲਈ ਹਾਲ ਦੀ ਘੜੀ ਇਹ ਕੋਰਸ ਚਲਦੇ ਰਹਿਣ ਦਿੱਤੇ ਜਾਣ।

ਅਰਥ-ਸ਼ਾਸ਼ਤਰ ਵਿਭਾਗ ਵਿਖੇ ਚਲ ਰਹੇ M.Sc (Hon's School in Economics) - Five Year Integrated Course ਦਾ ਨਾਮ ਬਦਲ ਕੇ M.A (Hon's School in Economics) - Five Year Integrated Course ਕਰ ਦਿੱਤਾ ਜਾਵੇ ਅਤੇ ਇਸ ਕੋਰਸ ਅਧੀਨ ਤਿੰਨ ਸਾਲ ਬਾਅਦ ਮਿਲਣ ਵਾਲੀ ਡਿਗਰੀ ਦਾ ਨਾਮ B.A (Hon's School in Economics) ਹੋਵੇਗਾ। ਵਿਚਾਰ ਵਟਾਂਦਰੇ ਉਪਰੰਤ ਇਹ ਵੀ ਫੈਸਲਾ ਹੋਇਆ ਕਿ ਕਿਉਂਕਿ M.Sc. (Hon's School in Economics) - Five Year Integrated Course ਦੇ ਪਹਿਲੇ ਬੈਚ ਦਾ ਇਹ ਹਾਲੇ ਪਹਿਲਾ ਸਾਲ ਹੀ ਹੈ ਇਸ ਲਈ ਜੇਕਰ ਇਸ ਪਹਿਲੇ ਬੈਚ ਦੇ ਵਿਦਿਆਰਥੀ ਆਪਣੀ ਸਹਿਮਤੀ ਦੇ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੀ M.A. (Hon's School in Economics) - Five Year Integrated Course ਦੇ ਵਿਦਿਆਰਥੀ ਮੰਨਦੇ ਹੋਏ M.A (Hon's School in Economics) - Five Year Integrated Course ਅਤੇ B.A. (Hon's School in Economics) ਦੀ ਡਿਗਰੀ ਦੇ ਦਿੱਤੀ ਜਾਵੇ।

**ਮੱਦ ਨੰ-6**

Regional Director, National Council for Teacher Education, Jaipur ਦੇ ਪੱਤਰ ਨੰਬਰ 51-4/2014/NCTE/N&S ਮਿਤੀ 16-12-2014 ਰਾਹੀਂ "National Council for Teacher Education (Recognition, Norms and Procedure) Regulations, 2014 - regarding implementation" ਕਰਨ ਬਾਰੇ ਲਿਖਿਆ ਗਿਆ (ਅਤਿੰਕਾ- XIII)। ਇਸ ਸੰਬੰਧ ਵਿਚ ਯੂਨੀਵਰਸਿਟੀ ਵੱਲੋਂ B.Ed. (Two Years) ਕੋਰਸ ਸ਼ੁਰੂ ਕਰਨ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- XIV) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਤ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ

**ਨੋਟ :**

1. "National Council for Teacher Education (Recognition, Norms and Procedure) Regulations, 2014 - regarding implementation" ਸੰਬੰਧੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਇਸ ਦੇ ਸੰਬੰਧਿਤ ਕਾਲਜਾਂ ਵਿਚ B.Ed. (Two Years) ਕੋਰਸ ਅਕਾਦਮਿਕ ਸੈਸ਼ਨ 2015-16 ਤੋਂ ਸ਼ੁਰੂ ਕਰ ਦਿੱਤੀ ਜਾਵੇ ਅਤੇ ਇਸ ਸੰਬੰਧੀ curriculum ਆਦਿ ਤਿਆਰ ਕਰਨ ਸੰਬੰਧੀ ਅਗਲੇਰੀ ਕਾਰਵਾਈ ਡੀਨ, ਫ਼ੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ ਕਰਨਗੇ।

2. ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਇਸ ਦੇ ਸੰਬੰਧਤ ਕਾਲਜਾਂ ਵਿਚ ਹਾਲੇ B.A. B.Ed/B.Sc. B.Ed. integrated Programme of 4-Year's duration ਨੂੰ ਵਿਚਾਰ ਅਧੀਨ ਰਖਿਆ ਜਾਵੇ। ਇਸ ਕੋਰਸ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹਰ ਪੱਖੋਂ ਤਿਆਰੀ ਕਰਨੀ ਉਚਿਤ ਹੋਵੇਗੀ।

ਮੱਦ ਨੰ-7

ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਬਾਹਰਲੇ ਸੈਂਟਰਾਂ ਵਿਖੇ ਅਕਾਦਮਿਕ ਸਾਲ 2014-15 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 29-04-2014 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 24-06-2014 ਦੇ ਪੈਰ੍ਹਾ 6.195 ਰਾਹੀਂ ਕੀਤੀ ਪੁਸ਼ਟੀ (ਅੰਤਿਕਾ- XV) ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ

**ਨੋਟ :**

1. ਕਾਲਜ, ਆਫ਼ ਇੰਜੀਨੀਅਰਿੰਗ, ਰਾਮਪੁਰਾ ਫੂਲ ਵਿਖੇ Diploma in Electronics and Communication Engineering, Diploma in Computer Engineering, Diploma in Mechanical Engineering ਕੋਰਸ ਸ਼ੁਰੂ ਕੀਤੇ ਜਾਣ (ਇਨ੍ਹਾਂ ਕੋਰਸਾਂ ਵਿਚ ਦਸਵੀਂ ਪਾਸ ਵਿਦਿਆਰਥੀਆਂ ਨੂੰ

ਦਾਖਲਾ ਦਿੱਤਾ ਜਾਵੇਗਾ) (ਇਸ ਦੇ ਨਾਲ ਹੀ ਡਾਇਰੈਕਟਰ, ਨੇਬਰਹੁੱਡ ਕੈਂਪਸਜ਼ ਨੈਸ਼ਨਲ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ ਨਾਲ ਸੰਪਰਕ ਕਰਕੇ ਉਨ੍ਹਾਂ ਵੱਲੋਂ ਡਿਪਲੋਮਿਆਂ ਲਈ ਦਿੱਤੀ ਜਾਣ ਵਾਲੀ ਗ੍ਰਾਂਟ ਅਤੇ ਨਿਯਮਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਗੇ)।

2. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਜੋਗੀ ਪੀਰ ਰੱਲ੍ਹਾ, ਮਾਨਸਾ ਵਿਖੇ ਪਹਿਲਾਂ ਤੋਂ ਚਲ ਰਹੇ ਕੋਰਸਾਂ ਵਿਚੋਂ MCA, BCA ਕੋਰਸ ਹੀ ਚਲਣਗੇ, ਬਾਕੀ ਕੋਰਸ ਇਸ ਸੈਸ਼ਨ 2014-15 ਤੋਂ ਬੰਦ ਕਰ ਦਿੱਤੇ ਜਾਣ ਅਤੇ ਅਕਾਦਮਿਕ ਸੈਸ਼ਨ 2014-15 ਤੋਂ ਨਵਾਂ ਕੋਰਸ B.Com ਸ਼ੁਰੂ ਕੀਤਾ ਜਾਵੇ।

3. ਪੰਜਾਬੀ ਯੂਨੀਵਰਸਿਟੀ ਬਾਬਾ ਧਿਆਨਦਾਸ ਨੇਬਰਹੁੱਡ ਕੈਂਪਸ, ਝੁਨੀਰ ਵਿਖੇ ਪਹਿਲਾਂ ਤੋਂ ਚਲ ਰਹੇ ਕੋਰਸਾਂ ਵਿਚੋਂ PGDCA, BCA, MBA (2yrs) ਕੋਰਸ ਹੀ ਚਲਣਗੇ, ਬਾਕੀ ਕੋਰਸ ਇਸ ਸੈਸ਼ਨ 2014-15 ਤੋਂ ਬੰਦ ਕਰ ਦਿੱਤੇ ਜਾਣ ਅਤੇ ਅਕਾਦਮਿਕ ਸੈਸ਼ਨ 2014-15 ਤੋਂ ਨਵਾਂ ਕੋਰਸ B.Com ਸ਼ੁਰੂ ਕੀਤਾ ਜਾਵੇ।

4. ਕਾਨੂੰਨ ਵਿਭਾਗ (ਸ਼ਾਮ ਦੀ ਸ਼ਿਫਟ) ਵਿਚ ਐਲ.ਐਲ.ਐਮ. ਇਕ ਸਾਲਾ ਕੋਰਸ ਸ਼ੁਰੂ ਕੀਤਾ ਜਾਵੇ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ। ਇਸ ਕੋਰਸ ਵਿਚ ਦਾਖ਼ਲਾ ਮੈਰਿਟ ਦੇ ਆਧਾਰ ਤੇ ਦਿੱਤਾ ਜਾਵੇਗਾ ਅਤੇ ਇਸ ਕੋਰਸ ਦਾ ਫੀਸ ਸਟਰੱਕਚਰ ਪੰਜਾਬ ਸਕੂਲ ਆਫ਼ ਲਾਅ ਵਿਖੇ ਚਲ ਰਹੀ ਐਲ.ਐਲ.ਐਮ. ਇਕ ਸਾਲਾ ਵਾਲੀ ਹੋਵੇਗੀ।

5. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਦਾ ਨਾਮ 'ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ' ਦੀ ਥਾਂ ਤੇ 'ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ' ਕੀਤਾ ਜਾਵੇ।

6. ਗਣਿਤ ਵਿਭਾਗ ਵਿਖੇ ਅਕਾਦਮਿਕ ਸਾਲ 2014-15 ਤੋਂ ਪਹਿਲਾਂ ਚਲ ਰਹੇ ਬੀ.ਐਸ-ਸੀ. (ਐਮ.ਸੀ.ਐਮ.) ਦੇ ਨਾਲ ਨਾਲ ਬੀ.ਐਸ-ਸੀ. ਆਨਰਜ਼ ਸਕੂਲ ਇਨ ਮੈਥੇਮੈਟਿਕਸ ਵੀ ਸ਼ੁਰੂ ਕੀਤਾ ਜਾਵੇ ਅਤੇ ਇਨ੍ਹਾਂ ਦੋਹਾਂ ਕੋਰਸਾਂ ਵਿਚ 20-20 ਸੀਟਾਂ ਰੱਖੀਆਂ ਜਾਣ। ਇਸ ਨਵੇਂ ਕੋਰਸ ਦਾ ਫੀਸ ਸਟਰਕਚਰ ਵਿਭਾਗ ਵਿਖੇ ਪਹਿਲਾਂ ਤੋਂ ਚਲ ਰਹੇ ਬੀ.ਐਸ-ਸੀ. (ਐਮ.ਸੀ.ਐਮ.) ਵਾਲਾ ਹੋਵੇਗਾ ਅਤੇ ਲੋੜ ਮੁਤਾਬਕ ਅਗਲੇ ਸਾਲ ਇਸ ਨੂੰ ਰੀਵਿਊ ਕਰ ਲਿਆ ਜਾਵੇਗਾ।

<u>ਮੱਦ ਨੰ-8</u> ਕੰਪਿਊਟਰ ਇੰਜੀਨੀਅਰਿੰਗ ਵਿਭਾਗ ਦਾ ਨਾਮ ਬਦਲ ਕੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਕਰਨ ਅਤੇ ਕੰਪਿਊਟਰ ਸਾਇੰਸ ਵਿਭਾਗ ਦਾ ਨਾਮ ਬਦਲ ਕੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਕਰਨ ਦੇ ਮਾਮਲੇ ਸਬੰਧੀ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਮਿਤੀ 15-05-2014 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 24-06-2014 ਦੇ ਪੈਰ੍ਹਾ 6.194 ਰਾਹੀਂ ਕੀਤੀ ਪੁਸ਼ਟੀ (ਅੰਤਿਕਾ- XVI) ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ

**ਨੋਟ :**

1. ਕੰਪਿਊਟਰ ਇੰਜੀਨੀਅਰਿੰਗ ਵਿਭਾਗ ਦਾ ਨਾਮ ਬਦਲ ਕੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਕਰਨ ਅਤੇ ਕੰਪਿਊਟਰ ਸਾਇੰਸ ਵਿਭਾਗ ਦਾ ਨਾਮ ਬਦਲ ਕੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਕਰਨ ਦੇ ਮਾਮਲੇ ਨੂੰ ਕਮੇਟੀ ਵੱਲੋਂ ਮੁੜ ਵਿਚਾਰਨ ਉਪਰੰਤ ਸਿਫਾਰਸ਼ ਕੀਤੀ ਗਈ ਕਿ ਕੰਪਿਊਟਰ ਇੰਜੀਨੀਅਰਿੰਗ ਵਿਭਾਗ ਜਿਸ ਦਾ ਨਾਮ ਬਦਲ ਕੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ

261/

ਕਰ ਦਿੱਤਾ ਗਿਆ ਸੀ ਦਾ ਨਾਮ ਮੁੜ ਤੋਂ ਬਦਲ ਕੇ ਪਹਿਲਾਂ ਵਾਲਾ ਭਾਵ ਕੰਪਿਊਟਰ ਇੰਜੀਨੀਅਰਿੰਗ ਵਿਭਾਗ ਕਰ ਦਿੱਤਾ ਜਾਵੇ ਅਤੇ ਕੰਪਿਊਟਰ ਸਾਇੰਸ ਵਿਭਾਗ ਜਿਸ ਦਾ ਨਾਮ ਬਦਲ ਕੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਕਰ ਦਿੱਤਾ ਗਿਆ ਸੀ ਦਾ ਨਾਮ ਮੁੜ ਤੋਂ ਬਦਲ ਕੇ ਪਹਿਲਾ ਵਾਲਾ ਕੰਪਿਊਟਰ ਸਾਇੰਸ ਵਿਭਾਗ ਕਰ ਦਿੱਤਾ ਜਾਵੇ। ਇਸ ਸੰਬੰਧੀ ਦੋਹਾਂ ਵਿਭਾਗਾਂ ਦੇ ਮੁਖੀ ਸਾਹਿਬਾਨ ਵੱਲੋਂ ਸਹਿਮਤੀ ਪ੍ਰਗਟਾਈ ਗਈ ਹੈ। ਇਸ ਤੋਂ ਇਲਾਵਾ ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਅਤੇ ਕਾਲਜ ਆਫ਼ ਇੰਜੀਨੀਅਰਿੰਗ ਅਤੇ ਮੈਨੇਜ਼ਮੈਂਟ, ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਰਾਮਪੁਰਾ ਫੂਲ ਵਿਖੇ ਚਲ ਰਹੇ ਡਿਗਰੀ ਬੀ.ਟੈਕ. ਕੰਪਿਊਟਰ ਇੰਜੀਨੀਅਰਿੰਗ ਦਾ ਨਾਮ ਬਦਲ ਕੇ ਯੂਨੀਵਰਸਿਟੀ ਕੈਂਪਸ ਵਾਂਗ ਬੀ.ਟੈਕ. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਕਰ ਦਿੱਤਾ ਜਾਵੇ।

**ਮੱਦ ਨੰ-9** ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ ਕਾਲਜਾਂ ਵਿਖੇ ਚਲ ਰਹੇ MCA (Five Year Integrated Course) ਕੋਰਸ ਦਾ ਨਾਮ ਯੂ.ਜੀ.ਸੀ. ਦੀ ਗਾਈਡ ਲਾਈਨਜ਼ ਅਨੁਸਾਰ MCA (Six Year Integrated Course) ਕੋਰਸ ਕਰਨ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਲੋਅ (ਅੰਤਿਕਾ-XVII) ਵਿੱਚ ਵਿਚਾਰ ਕਰਨ ਉਪਰੰਤ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨੂੰ ਨਿਮਨ ਲਿਖਿਤ ਅਨੁਸਾਰ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ ਕਾਲਜਾਂ ਵਿਖੇ MCA (Five Year Integrated Course) ਕੋਰਸ ਚਲ ਰਿਹਾ ਹੈ। ਇਸ ਕੋਰਸ ਅਧੀਨ ਪੰਜ ਸਾਲਾਂ ਉਪਰੰਤ ਡਿਗਰੀ ਅਵਾਰਡ ਕੀਤੀ ਜਾਂਦੀ ਹੈ। ਯੂ.ਜੀ.ਸੀ. ਦੀ ਗਾਈਡ-ਲਾਈਨਜ਼ ਦੀ ਲੋਅ ਵਿਚ ਇਸ ਕੋਰਸ ਸਮਾਂ ਛੇ ਸਾਲ ਕੀਤਾ ਜਾਣਾ ਹੈ। ਇਸ ਲਈ ਇਸ ਕੋਰਸ ਦਾ ਨਾਮ MCA

   (Five Year Integrated Course) ਕੋਰਸ ਤੋਂ ਬਦਲ ਕੇ MCA (Six Year Integrated Course) ਕੋਰਸ ਕਰ ਦਿੱਤਾ ਜਾਵੇ ਤਾਂ ਜੋ ਇਸ ਤਰ੍ਹਾਂ ਦੇ ਚਲ ਰਹੇ ਸਾਰੇ ਕੋਰਸਾਂ ਵਿਚ ਇਕਸਾਰਤਾ ਰਹੇ।

2. ਇਸ ਕੋਰਸ ਦੀ ਮਿਆਦ ਪੰਜ ਸਾਲ ਤੋਂ ਵਧਾ ਕੇ ਛੇ ਸਾਲ ਕਰ ਦਿੱਤੀ ਜਾਵੇ।

3. **ਇਸ ਤੋਂ ਇਲਾਵਾ ਜੇ ਕਾਲਜਾਂ ਵਿਖੇ ਇੰਟੀਗ੍ਰੇਟਿਡ ਪ੍ਰੋਗਰਾਮ 5 ਸਾਲ ਦੀ ਅਵਧੀ ਨਾਲ ਸ਼ੁਰੂ ਕਰਨਾ ਚਾਹੁੰਦੇ ਹਨ ਤਾਂ ਯੂ.ਜੀ.ਸੀ ਦੀ ਨੋਟੀਫਿਕੇਸ਼ਨ ਅਨੁਸਾਰ Single Degree without permission is exit and lateral entry ਦੀਆਂ ਸ਼ਰਤਾਂ ਮੰਨਦੇ ਹੋਏ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ। ਇਹ ਪ੍ਰੋਗਰਾਮ ਇਨ੍ਹਾਂ ਕਾਲਜਾਂ ਪਾਸੋ ਪ੍ਰਪੋਜ਼ਲ ਪ੍ਰਾਪਤ ਹੋਣ ਤੇ ਸ਼ੁਰੂ ਕਰਨ ਲਈ ਵਿਚਾਰ ਲਿਆ ਜਾਵੇਗਾ।**

**ਮੱਦ ਨੰ-10** ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਸੈਂਟਰਾਂ ਅਤੇ ਕਾਂਸਟੀਚਿਊਟ ਕਾਲਜਾਂ ਵਿਖੇ ਅਕਾਦਮਿਕ ਸਾਲ 2015-16 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ-XVIII) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਤ ਨਿਮਨਲਿਖਿਤ ਵਿਭਾਗ/ਕਾਂਸਟੀਚਿਊਐਂਟ ਕਾਲਜ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਕੋਰਸਾਂ ਸਬੰਧੀ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. UGC Centre for Diaspora Studies ਵਿਖੇ PG Diploma in Diaspora Studies ਕੋਰਸ ਸ਼ੁਰੂ ਕੀਤਾ ਜਾਵੇ (ਅੰਤਿਕਾ-XIX)।

260/ਵ

2. ਸ੍ਰ. ਬਲਰਾਜ ਸਿੰਘ ਭੂੰਦੜ ਮੈਮੋਰੀਅਲ ਯੂਨੀਵਰਸਿਟੀ ਕਾਲਜ, ਸਰਦੂਲਗੜ੍ਹ (ਮਾਨਸਾ) ਵਿਖੇ ਬੀ.ਕਾਮ (ਪ੍ਰੋਫੈਸ਼ਨਲ) ਕੋਰਸ ਪਹਿਲਾਂ ਤੋਂ ਚਲ ਰਿਹਾ ਹੈ। ਯੂ.ਜੀ.ਸੀ. ਦੀਆਂ ਹਦਾਇਤਾਂ ਅਨੁਸਾਰ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਵਿਖੇ ਬੀ.ਕਾਮ (ਪ੍ਰੋਫੈਸ਼ਨਲ) ਕੋਰਸ ਦੇ ਨਾਮ ਤੇ ਡਿਗਰੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਇਸ ਕਾਲਜ ਵਿਖੇ ਬੀ.ਕਾਮ. (ਪ੍ਰੋਫੈਸ਼ਨਲ) ਕੋਰਸ ਦੀ ਥਾਂ ਤੇ ਬੀ.ਕਾਮ. ਕੋਰਸ ਸ਼ੁਰੂ ਕੀਤਾ ਜਾਵੇ (ਅੰਤਿਕਾ-XIX)।

**ਮੱਦ ਨੰ-11** ਯੂ.ਜੀ.ਸੀ, ਨਵੀਂ ਦਿੱਲੀ ਵੱਲੋਂ ਡਿਗਰੀਆਂ ਦਾ ਨਾਮਿਨਕਲੇਚਰ ਨੋਟੀਫਾਈ ਕਰਨ ਸਬੰਧੀ ਜਾਰੀ ਕੀਤੀ ਗਈ ਗਜ਼ਟ ਨੋਟੀਫਿਕੇਸ਼ਨ ਅਨੁਸਾਰ ਯੂਨੀਵਰਸਿਟੀ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਵੱਖ-ਵੱਖ ਡਿਗਰੀਆਂ ਦਾ ਨਾਮਿਨਕਲੇਚਰ ਬਦਲਣ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-XXI) ਦੀ ਲੋਅ ਵਿੱਚ ਵਿਚਾਰ ਕਰਨ ਉਪਰੰਤ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨੂੰ ਨਿਮਨ ਲਿਖਿਤ ਅਨੁਸਾਰ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਯੂ.ਜੀ.ਸੀ., ਨਵੀਂ ਦਿੱਲੀ ਵੱਲੋਂ ਡਿਗਰੀਆਂ ਦਾ ਨਾਮਿਨਕਲੇਚਰ ਨੋਟੀਫਾਈ ਕਰਨ ਸੰਬੰਧੀ ਜਾਰੀ ਕੀਤੀ ਗਈ ਗਜ਼ਟ ਨੋਟੀਫਿਕੇਸ਼ਨ ਦੀ ਅਨੁਸਾਰਤਾ ਵਿਚ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਅਰਥ ਸ਼ਾਸ਼ਤਰ ਵਿਭਾਗ ਵਿਖੇ ਚਲ ਰਹੇ M.Sc. (Hon's School in Economics) - Five Year Integrated Course ਦਾ ਨਾਮ ਬਦਲ ਕੇ M.A (Hon's School in Economics) - Five Year Integrated Course ਕਰ ਦਿੱਤਾ ਗਿਆ ਹੈ ਅਤੇ ਇਸ ਕੋਰਸ ਅਧੀਨ ਤਿੰਨ ਸਾਲ ਬਾਅਦ ਮਿਲਣ ਵਾਲੀ ਡਿਗਰੀ ਦਾ ਨਾਮ B.A. (Hon's School in Economics) ਕੀਤਾ ਗਿਆ ਹੈ। ਇਸ ਦੇ ਸੰਦਰਭ ਵਿਚ ਹੀ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਵਿਖੇ ਵੀ ਚਲ ਰਹੇ B.Sc. (Hon's School in Economics) ਕੋਰਸ ਦਾ ਨਾਮ ਬਦਲ ਕੇ B.A. (Hon's School in Economics) ਕਰ ਦਿੱਤਾ ਜਾਵੇ।

**ਮੱਦ ਨੰ-12** ਮੀਟਿੰਗ ਦੌਰਾਨ ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਦੱਸਿਆ ਗਿਆ ਕਿ ਐਮ.ਬੀ.ਏ. ਵਿਭਾਗ ਨੂੰ ਪੱਤਰ ਲਿਖ ਕੇ MBA (Global Business) ਦਾ ਨਾਮ ਬਦਲ ਕੇ UGC ਨੋਟੀਫਿਕੇਸ਼ਨ ਅਨੁਸਾਰ ਬਦਲਣ ਲਈ ਕਿਹਾ ਗਿਆ ਹੈ ਤੇ ਹਾਲੇ ਵਿਭਾਗ ਤੋਂ ਜਵਾਬ ਆਉਣਾ ਹੈ ਅਤੇ ਇਸ ਦੇ ਨਾਲ ਹੀ Mathematics ਵਿਭਾਗ ਨੂੰ B.Sc. (Mathmatics, Computer Applications and Management) ਬਾਰੇ ਪੱਤਰ ਲਿਖ ਕੇ ਇਸ ਡਿਗਰੀ ਦਾ ਨਾਮ ਬਦਲ ਕੇ ਯੂ.ਜੀ.ਸੀ ਨੋਟਿਫਿਕੇਸ਼ਨ ਅਨੁਸਾਰ ਕਰਨ ਲਈ ਲਿਖਿਆ ਗਿਆ ਹੈ ਕਿਉਂਕਿ ਇਸ ਡਿਗਰੀ ਵਿੱਚ ਮੈਨੇਜਮੈਂਟ ਸ਼ਾਮਿਲ ਨਹੀ ਕੀਤਾ ਜਾ ਸਕਦਾ। ਵਿਭਾਗ ਵੱਲੋਂ ਹਾਲੇ ਇਸ ਪੱਤਰ ਦਾ ਜਵਾਬ ਦਿੱਤਾ ਜਾਣਾ ਹੈ।

ਡਾਇਰੈਕਟਰ,
ਯੋਜਨਾ ਤੇ ਨਿਰੀਖਣ

ਵਾਈਸ-ਚਾਂਸਲਰ ਸਾਹਿਬ

4.5.15